**ਕੋਵਿਡ – 19 ਐਮੰਰਜੈਂਸੀ ਲਈ ਸੰਸਥਾ ਦੇ ਸਹਿ–ਜ਼ਿਮੇਵਾਰੀ ਸਮਝੌਤੇ ਲਈ ਏਕੀਕਰਣ**
**ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਲਈ**

"ਉਗੋ ਫੋਸਕੋਲੋ" ਵਿਆਪਕ ਸੰਸਥਾ, ਵੈਸਕੋਵਾਤੋ ਅਤੇ ਨਾਮਜ਼ਦ ਵਿਧਿਆਰਥੀਆਂ ਦੇ ਪਰਿਵਾਰਾਂ ਵਿਚਕਾਰ ਆਪਸੀ ਜ਼ਿਮੇਦਾਰੀ ਸਮਝੋਤਾ ਜੋ ਕਿ ਸੰਗਠਨ, ਸਿਹਤ ਤੇ ਸਫਾਈ ਦੇ ਉਪਾਅ ਅਤੇ ਵਿਅਕਤੀਗਤ ਵਿਵਹਾਰ ਸੰਬੰਧੀ ਹੈ ਅਤੇ ਕੋਵਿਡ – 19 ਵਾਈਰੱਸ ਫੈਲਣ ਨੂੰ ਰੋਕਣ ਲਈ ਹੈ ।

ਹੇਠਲਿਖਿਤ ਡਾ.ਪਾਓਲਾ ਬੇਲੀਨੀ,ਉਗੋ ਫੋਸਕੋਲੋ ਵਿਆਪਕ ਸੰਸਥਾ ਵੈਸਕੋਵਾਤੋ ਦੇ ਪ੍ਰਧਾਨ ਅਧਿਆਪਕ ਅਤੇ ਸ਼੍ਰੀਮਾਨ / ਸ਼੍ਰੀਮਤੀ ___________ ਮਾਂ–ਪਿਓ ਜਾਂ ਬੱਚੇ ਦੀ ਮਾਤਾ–ਪਿਤਾ ਦੀ ਜ਼ਿਮੇਦਾਰੀ ਧਾਰਕ ਹੋਣ ਦੇ ਨਾਤੇ, ਵਿਦਿਆਰਥੀ ਦੇ ______

**<u>ਉਹ ਕੋਵਿਡ–19 ਵਾਈਰੱਸ ਨੂੰ ਫੈਲਣ ਤੋਂ ਰੋਕਣ ਲਈ ਵਰਤਾਏ ਜਾਣ ਵਾਲੇ ਵਿਵਹਾਰ ਸੰਬੰਧੀ ਆਪਸੀ–ਜ਼ਿਮੇਵਾਰੀ ਸਮਝੋਤੇ ਤੇ ਦਸਤਖਤ ਕਰਦੇ ਹਨ</u>**

<u>ਖਾਸ ਕਰਕੇ, ਮਾਪੇ ਐਲਾਨ ਕਰਦੇ ਹਨ :</u>

. ਅੱਜ ਤੋਂ ਲਾਗੂ ਹੋਣ ਵਾਲੇ ਛੂਤ ਦੇ ਰੋਕਥਾਮ ਦੇ ਉਪਾਵਾਂ ਬਾਰੇ ਜਾਗਰੂਕ ਹੋਣਾ;

. ਜਿਵੇਂ ਕਿ 02/07/2020 ਦੇ ਸੈਸ਼ਨ ਨੰ. 92 ਵਿਚ ਵਿਗਿਆਨਕ ਤਕਨੀਕੀ ਕਮੇਟੀ ਦੁਆਰਾ ਸਿਫ਼ਾਰਸ਼ ਕੀਤੀ ਗਈ IMMUNI ਐਪਲੀਕੇਸ਼ਨ ਦੀ ਸਥਾਪਨਾ ਅਤੇ ਵਰਤੋਂ;

. ਸਕੂਲ ਵਿਚ ਦਾਖਲ ਹੋਣ ਵਾਲਾ ਬੇਟਾ / ਬੇਟੀ ਜਾਂ ਪਰਿਵਾਰ ਵਿਚ ਰਹਿਣ ਵਾਲਾ ਵਿਅਕਤੀ ਕੁਆਰੰਟੀਨ ਮਾਪ ਦੇ ਅਧੀਨ ਨਹੀਂ ਹੈ ਜਾਂ ਕੋਵਿਡ–19 ਲਈ ਸਕਾਰਾਤਮਕ(ਪਾਜ਼ਿਟਿਵ) ਨਹੀਂ ਹੈ ;

. 37,5°C ਦੇ ਬਰਾਬਰ ਜਾਂ ਵੱਧ ਬੁਖਾਰ ਵਿਚ ਜਾਂ ਹੋਰ ਲੱਛਣਾਂ ਜਿਵੇਂ ਕਿ ਗਲਾ ਦਰਦ, ਖੰਘ, ਨੱਕ ਦਾ ਬੰਦ ਹੋਣਾ, ਅੱਖਾ ਦਾ ਦੁਖਣਾ, ਗੰਧ ਜਾ ਸੁਆਦ ਦਾ ਖੋਣਾ, ਦੀ ਮੋਜੂਦਗੀ ਦੌਰਾਨ ਆਪਣੇ ਬੱਚੇ ਨੂੰ ਘਰ ਵਿਚ ਰਖਣ ਦਾ ਕੰਮ ਕਰਨਾ ਅਤੇ ਬਚਿਆਂ ਦੇ ਮਾਹਰ ਡੱਾਕਟਰ ਨੂੰ ਤੁਰੰਤ ਸੂਚਿਤ ਕਰਨਾ ;

. ਇਹ ਸਵੀਕਾਰ ਕਰਨਾ ਕਿ ਜੇਕਰ ਸਕੂਲ ਵਿਚ ਆਪਜੀ ਦੇ ਬੱਚੇ ਨੂੰ ਬੁਖਾਰ ਦੇ ਲਛੱਣਾਂ ਦੀ ਸ਼ੁਰੂਆਤ ਹੁੰਦੀ ਹੈ ਤਾਂ ਸਕੂਲ ਦੇ ਅੰਦਰ ਹੀ ਬਿਨਾ ਸੰਪਰਕ ਵਾਲੇ ਥਰਮਾਮੀਟਰ ਦੀ ਵਰਤੋਂ ਕਰਦਿਆ ਬੁਖਾਰ ਮਾਪਣ ਕੀਤਾ ਜਾਵੇਗਾ।ਜੇਕਰ ਤਾਪਮਾਨ 37.5°C ਦੇ ਬਰਾਬਰ ਜਾਂ ਵੱਧ ਹੋਣ ਦੀ ਸਥਿਤੀ ਵਿਚ ਜਾਂ ਹੋਰ ਲਛਣਾਂ ਦੀ ਮੋਜੂਦਗੀ ਵਿਚ ਸਕੂਲ ਅਧਿਕਾਰੀ ਵਲੋਂ ਮਾਪਿਆਂ ਨੂੰ ਸੰਪਰਕ ਕੀਤਾ ਜਾਵੇਗਾ ਤਾਕਿ ਓਹ ਆਪਣਾ ਬੱਚਾ ਸਕੂਲ ਤੋਂ ਲੈਣ ;

. ਇਹ ਸਵੀਕਾਰ ਕਰਨਾ ਸਕੂਲ ਵਿਚ ਬੱਚੇ ਦੇ ਬੁਖਾਰ (37.5°C ਦੇ ਬਰਾਬਰ ਜਾਂ ਇਸ ਤੋਂ ਵਧ) ਦੀ ਸਥਿਤੀ ਵਿਚ ਬੱਚੇ ਨੂੰ ਇਕ ਕੋਵਿਡ ਸਮਰਪਿਤ ਖੇਤਰ ਵਿਚ ਅੱਲਗ–ਥੱਲਗ ਕਰਨ ਦੀ ਸਹੂਲਤ ਦੀਤੀ ਜਾਵੇਗੀ ਜਦੋਂ ਤੱਕ ਸਕੂਲ ਸਟਾਫ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਬਾਅਦ ਪਰਿਵਾਰ ਦਾ ਕੋਈ ਮੈਂਬਰ ਸਕੂਲ ਨਹੀਂ ਆ ਜਾਉਂਦਾ।ਪਰਿਵਾਰਿਕ ਡੱਾਕਟਰ ਜਾਂ ਬਚਿਆਂ ਦਾ ਮਾਹਰ ਡੱਾਕਟਰ ਇਸ ਕੇਸ ਦਾ ਮੁਲਾਂਕਣ ਕਰੇਗਾ ਅਤੇ ਜੇਕਰ ਜ਼ਰੂਰੀ ਹੋਆ ਤਾਂ ਹੋਰ ਵੇਰਵਿਆ ਲਈ ਲੋਕ ਸਿਹਤ ਵਿਭਾਗ (ਡੀਐਸਪੀ) ਨਾਲ ਸੰਪਰਕ ਕਰੇਗਾ ;

. ਜਾਗਰੂਕ ਹੋਣਾ ਅਤੇ ਇਹ ਸਵੀਕਾਰਨਾ ਕਿ ਪਾਜ਼ਿਟਿਵ ਹੋਣ ਦੀ ਸਥਿਤੀ ਵਿਚ ਆਪਜੀ ਦਾ ਬੱਚਾ ਜਾਂ ਬੱਚੀ ਸਕੂਲੀ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੋ ਸਕਦੇ ਜਦੋਂ ਤੱਕ ਉਹ ਨਿਰਧਾਰਿਤ ਨਿਯਮਾਂ ਅਨੁਸਾਰ ਪੂਰੀ ਤਰਿਹ ਠੀਕ ਨਹੀਂ ਹੋ ਜਾਂਦੇ;

. ਇਹ ਚੇਤੰਨ ਹੋਣਾ ਕਿ ਆਪਜੀ ਦਾ ਬੱਚਾ/ ਬੱਚੀ ਸਕੂਲ ਦੇ ਅੰਦਰ ਸਫਾਈ ਅਤੇ ਸਿਹਤ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰੇ;

. ਕੋਵਿਢ–19 ਤੋਂ ਲਾਗ ਫੈਲਣ ਦੇ ਜੋਖਮ ਨੂੰ ਰੋਕਣ ਲਈ ਅਤੇ ਖਾਸਤੌਰ ਤੇ ਸਕੂਲ ਤੱਕ ਪਹੁੰਚਣ ਅਤੇ ਬਾਹਰ ਆਉਣ ਦੇ ਪ੍ਰਬੰਧਾਂ ਦੀ ਅਤੇ ਸੰਸਥਾ ਦੁਆਰਾ ਸਭ ਸਗੰਠਨਾਤਮਕ ਅਤੇ ਸੈਨੇਟਰੀ ਵਿਵਸਥਾਵਾਂ ਦੀ ਲੋੜੀਦੀਂ ਜਾਣਕਾਰੀ ਹੋਣਾ ;

. ਛੂਤ ਦੇ ਜੋਖਮ ਦੇ ਸੰਬਧ ਵਿਚ ਸਕੂਲ ਤੋਂ ਬਾਹਰ ਦੀਆਂ ਗਤੀਵਿਧੀਆਂ ਵਿਚ ਆਪਜੀ ਦੇ ਬੇਟਾ/ਬੇਟੀ ਅਤੇ ਪੂਰੇ ਪਰਿਵਾਰ ਦੁਆਰਾ ਵੱਧ ਤੋਂ ਵੱਧ ਸਾਵਧਾਨੀ ਦਾ ਰਵੱਈਆ ਅਪਣਾਉਣਾ ;

. ਇਹ ਧਿਆਨ ਰਖਣਾ ਕਿ ਇਕ ਵਾਰ ਸਕੂਲ ਦੀਆਂ ਗਤੀਵਿਧੀਆਂ ਨਾਲ ਜੁੜੀਆਂ ਪਰਸਪਰ ਕ੍ਰਿਆਵਾਂ ਮੁੜ ਸ਼ੁਰੂ ਹੋ ਜਾਂਦੀਆਂ ਹਨ। ਜ਼ਰੂਰੀ ਸਾਵਧਾਨੀਆਂ ਦੇ ਬਾਵਜ਼ੂਦ ਛੂਤ ਦੇ ਖਤਰੇ ਨੂੰ ਖਤਮ ਕਰਨਾ ਸੰਭਵ ਨਹੀਂ ਹੋਵੇਗਾ; ਗਤੀਵਿਧੀਆਂ ਨੂੰ ਸਾਵਧਾਨੀ ਅਤੇ ਸੁਰਖਿੱਆ ਉਪਾਵਾਂ ਦੀ ਗੁੰਝਲਦਾਰ ਅਤੇ ਸੱਖਤ ਪਾਲਣਾ ਦੁਆਰਾ ਵਿਸ਼ੇਸ਼ ਪ੍ਰੋਟੋਕੋਲ ਪ੍ਰਦਾਨ ਕੀਤਾ ਜਾਂਦਾ ਹੈ।ਇਸ ਲਈ ਸਕੂਲ ਤੋਂ ਬਾਹਰ ਦੀਆਂ ਗਤੀਵਿਧੀਆਂ ਨੂੰ ਵੱਧ ਤੋਂ ਵੱਧ ਸਾਵਧਾਨੀ ਨਾਲ ਕਰਨਾ ਮੱਹਤਵਪੂਰਨ ਹੋਵੇਗਾ ;

. ਇਹ ਸਵੀਕਾਰ ਕਰਨਾ ਕਿ ਸਕੂਲ ਪ੍ਰਬੰਧਨ ਦੁਆਰਾ ਪਰਿਵਾਰਾਂ ਨੂੰ ਦਰਸਾਏ ਗਏ (ਨਿਰਧਾਰਿਤ ਸਮੇਂ ਅਤੇ ਸਥਾਨਾਂ ਤੇ) ਸਕੂਲ ਦੇ ਪ੍ਰਵੇਸ਼ ਦੁਆਰ ਅਤੇ ਨਿਕਾਸ ਨੂੰ ਨਿਯਮਿਤ ਕੀਤਾ ਜਾਣਾ ;

. ਇਹ ਚੈਕ ਕਰਨਾ ਕਿ ਤੁਹਾਡਾ ਬੱਚਾ, ਜੋ 6 ਸਾਲ ਤੋਂ ਵੱਧ ਉਮਰ ਦਾ ਹੈ, ਤਾਂ ਉਹ ਸਕੂਲ ਜਾਣ ਵੇਲੇ ਘਰ ਤੋਂ ਹਿ ਸਰਜੀਕਲ ਮਾਸਕ ਪਾਉਣਾ ਕਰੇ, ਖਾਸ ਕੇਸ ਦੇ ਅਧੀਨ (ਛੇ ਸਾਲ ਤੋਂ ਘੱਟ ਉਮਰ ਦੇ ਜਾਂ ਅਪਾਹਜ ਬੱਚੇ ਮਾਸਕ ਦੀ ਨਿਰੰਤਰ ਵਰਤੋਂ ਨਾ ਕਰਨ) ;

.ਇਹ ਸੁਨਿਸ਼ਚਿਤ ਕਰਨ ਲਈ ਕਦਮ ਉਠਾਓਣੇ ਕਿ ਉਹਨਾਂ ਦੇ ਬੱਚੇ ਨੂੰ ਇਕ ਪਲਾਸਟਿਕ ਦੀ ਬੋਤਲ ਜਾਂ ਬੋਤਲ ਦਿੱਤੀ ਜਾਵੇ ਜਿਸ ਵਿਚੋਂ ਬੱਚੇ ਨੇ ਆਪ ਹੀ ਪਾਣੀ ਪੀਨਾ ਹੈ ਅਤੇ ਅਪਨੀ ਬੋਤਲ ਜਾਂ ਗਲਾਸ ਆਪਣੇ ਹਾਣੀਆਂ ਨਾਲ ਸਾਂਝੀ ਨਹੀਂ ਕਰਨੀ ਹੈ ;

. ਆਪਣੇ ਬੱਚੇ ਨੂੰ ਹਦਾਇਤ ਕਰਨੀ ਕਿ ਸਕੂਲ ਦੇ ਵਾਤਾਵਰਣ ਦੀ ਰੋਜ਼ਾਨਾ ਸਾਫ਼ ਸਫਾਈ ਰਖਣ ਲਈ ਅਪਨੀ ਨਿੱਜੀ ਸਮੱਗਰੀ ਸਕੂਲ ਵਿਚ ਨਾ ਛੱਡੋ, ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ, ਅਤੇ ਖਾਸਤੌਰ ਤੇ ਵਰਤੇ ਜਾਂਦੇ ਕਾਗਜ਼ ਦੇ ਰੁਮਾਲ ;

<u>ਖਾਸਤੌਰ ਤੇ ਸਕੂਲ ਸੰਸਥਾ, ਇਸਦੇ ਕਾਨੂੰਨੀ ਪ੍ਰਤੀਨਿਧੀ ਅਤੇ ਸਕੂਲ ਦੇ ਪ੍ਰਿੰਸੀਪਲ ਇਹ ਘੋਸ਼ਣਾ ਕਰਦੇ ਹਨ:</u>

. ਸਕੂਲੀ ਸਾਲ ਦੀ ਸ਼ੁਰੂਆਤ ਤੋਂ ਪਹਿਲਾ, ਕੋਵਿਡ-19 ਦੇ ਵਾਈਰਸ ਨੂੰ ਫੈਲਣ ਤੋਂ ਰੋਕਣ ਲਈ ਅਪਣਾਏ ਗਏ ਹਰ ਯੰਤਰ ਦੇ ਸੰਗਠਨਾਤਮਕ ਅਤੇ ਸੈਨੇਟਰੀ ਉਪਾਵਾਂ ਦੇ ਸੰਬੰਧ ਵਿਚ ਸਮੇਂ ਸਿਰ ਜਾਣਕਾਰੀ ਪ੍ਰਾਪਤ ਕਰੋ ਅਤੇ ਸਕੂਲ ਦੀਆਂ ਗਤੀਵਿਧੀਆਂ ਵਿਚ ਹਾਜ਼ਰੀ ਦੀ ਮਿਆਦ ਦੇ ਦੌਰਾਨ ਪ੍ਰਾਵਧਾਨਾਂ ਵਿਚ ਕੋਈ ਤਬਦੀਲੀ ਜਾ ਜੋੜ ਸ਼ਾਮਲ ਕਰੋ ;

. ਵਾਈਰੱਸ ਦੇ ਫੈਲਣ ਦਾ ਮੁਕਾਬਲਾ ਕਰਨ ਲਈ ਸਿਹਤ ਅਤੇ ਸਫਾਈ ਪ੍ਰਕਿਰਿਆਵਾਂ ਦੇ ਵਰਤਮਾਨ ਨਿਯਮਾਂ ਮੁਤਾਬਿਕ ਸਕੂਲ ਦੇ ਸਟਾਫ ਨੂੰ ਬਹੁਤ ਜ਼ਰੂਰੀ ਸਾਰੀਆਂ ਜਾਣਕਾਰੀਆਂ ਦਿੱਤੀ ਗਈ ਹੈ ਅਤੇ ਲੋੜੀਦੀਂ ਸਿਖਲਾਈ ਦਿੱਤੀ ਗਈ ਹੈ।ਸਟਾਫ਼ ਖ਼ੁਦ ਕੋਵਿਡ-19 ਦੇ ਕਿਸੇ ਵੀ ਲਛੱਣ ਦੀ ਅਣਹੋਂਦ ਵਿਚ ਸਿਹਤ ਅਤੇ ਸਫਾਈ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਸਾਵਧਾਨੀ ਨਾਲ ਪਾਲਨਾ ਕਰਦਾ ਹੈ ਅਤੇ ਕੰਮ ਕਰਨ ਲਈ ਜਾਂਦਾ ਹੈ ;

.ਸਕੂਲ ਦੀਆਂ ਗਤੀਵਿਧੀਆਂ ਦੀ ਸ਼ੁਰੂਆਤ ਤੋਂ ਪਹਿਲਾਂ ਇਮਾਰਤ ਜਾਂ ਕਲਾਸਰੂਮ ਦੇ ਪ੍ਰਵੇਸ਼ ਦੁਆਰ ਤੇ ਤਿਕੋਨੀ ਪ੍ਰਕਿਰਿਆਵਾਂ ਨੂੰ ਅਜੰਾਮ ਦੈਣ ਲਈ ਅਤੇ ਮੋਜੂਦਾ ਕਾਨੂੰਨਾਂ ਦੁਆਰਾ ਦਿੱਤੀਆਂ ਜਾਂਦੀਆਂ ਸਾਰੀਆਂ ਸਿਹਤ ਅਤੇ ਸਫਾਈ ਦੀਆਂ ਜ਼ਰੂਰਤਾਂ ਨੂੰ ਅਪਣਾਉਣ ਲਈ ਖ਼ਾਲੀ ਥਾਂਵਾਂ ਦੀਆਂ ਵਿਵਸਥਾਵਾਂ ਸ਼ਾਮਲ ਹਨ ;

. ਉਹਨਾਂ ਗਤੀਵਿਧੀਆਂ ਨੂੰ ਉਤਸ਼ਾਹਿਤ ਨਾ ਕਰਨਾ ਜਿਹਨਾਂ ਵਿਚ ਵੱਖ-ਵੱਖ ਸਮੂਹਾਂ, ਇਥੋਂ ਤਕ ਕਿ ਛੋਟੇ,ਵੱਖ-ਵੱਖ ਗਤੀਵਿਧੀਆਂ ਵਿਚ ਸ਼ਾਮਲ ਵਿਦਿਆਰਥੀਆਂ ਦੇ ਸੰਪਰਕ ਸ਼ਾਮਲ ਹੋਣਾ ;

. ਵਿਦਿਆਰਥੀਆਂ ਜਾਂ ਬਾਲਗਾਂ ਦੁਆਰਾ ਸਿੱਧ ਕੋਵਿਡ-19 ਸੰਕਰਮਣ ਦੇ ਮਾਮਲੇ ਵਿਚ ਸਥਾਨਕ ਸਿਹਤ ਅਥਾਰਟੀ ਦੇ ਕਿਸੇ ਵੀ ਨਿਪਟਾਰੇ ਵਿਚ ਸਖਤੀ ਨਾਲ ਪਾਲਣਾ ;

. ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਦੀ ਹੱਥ ਸਫਾਈ ਲਈ ਸਕੂਲ ਦੀਆਂ ਇਮਾਰਤਾਂ ਦੇ ਕਲਾਸਰੂਮ, ਪਖਾਨੇ ਅਤੇ ਹੋਰ ਬਿੰਦੁਆ ਉਤੇ ਵਿਸ਼ੇਸ਼ ਡਿਸਪੈਂਸਰ ਰਖੇ ਹਨ ਜੋ ਕਿ ਸਿਹਤ ਮੰਤਰਾਲੇ ਦੁਆਰਾ ਪ੍ਰਮਾਨਿਤ ਹਾਈਡ੍ਰੋ ਅਲਕੋਹਲਿਕ ਜਾਂ ਹੋਰ ਕਿਰਿਆਸ਼ੀਲ ਤੱਤਾ ਤੇ ਅਧਾਰਤ ਰੋਗਾਣੂ-ਮੁਕਤ ਉਤਪਾਦਾਂ ਨਾਲ ਲੈਸ ਕੀਤੇ ਗਏ ਹਨ ;

. ਘੱਟੋ ਘੱਟ ਇਕ ਮੀਟਰ ਦੀ ਆਪਸੀ ਦੂਰੀ ਨੂੰ ਬਣਾਈ ਰੱਖਦੇ ਹੋਏ ਸਾਰੀਆਂ ਗਤੀਵਿਧੀਆਂ ਕੀਤੀਆਂ ਜਾਣ, ਇਸ ਲਈ ਲੋੜੀਦੇਂ ਉਪਾਅ ਤਿਆਰ ਕਰਨੇ ;

. ਸਕੂਲ ਦੀਆਂ ਇਮਾਰਤਾਂ ਦੇ ਅੰਦਰ ਰੂਟ ਸਿਗਨਲ ਪ੍ਰਦਾਨ ਕਰਨੇ ;

. ਸਕੂਲ ਦੇ ਬਾਹਰ ਇਕੱਠ ਤੋਂ ਬਚਣ ਲਈ ਸਮੇਂ ਦੇ ਨਾਲ ਵਿਦਿਆਰਥੀਆਂ ਦੇ ਸਕੂਲ ਵਿਚ ਦਾਖਲ ਹੋਣ ਲਈ ਖ਼ਾਸ ਵਿਵਸਥਾ ਕਰਨੀ ;

. ਅਨੇਕ ਪ੍ਰਵੇਸ਼-ਦਆਰ ਅਤੇ ਸਕੂਲ ਤੋਂ ਬਾਹਰ ਜਾਣ ਦੇ ਅਨੇਕ ਰਸਤੇ ਪ੍ਰਦਾਨ ਕਰਨੇ ।

ਇਸ ਸਮਝੋਤੇ ਤੇ ਹਸਤਾਖਰ ਕਰਨ ਨਾਲ ਧਿਰਾਂ ਨੇ ਇਸਦਾ ਸਤਿਕਾਰ ਕਰਨ ਲਈ ਵਚਨਬੱਧਤਾ ਕੀਤੀ ਹੈ । ਕਾਨੂੰਨੀ ਦ੍ਰਿਸ਼ਟੀਕੋਣ ਤੋਂ, ਇਸ ਤੇ ਦਸਤਖਤ ਕਰਣ ਵਾਲਿਆਂ ਨੂੰ ਉਹਨਾਂ ਵਿਸ਼ਿਆਂ ਤੋਂ ਆਜ਼ਾਦ ਨਹੀਂ ਕਰਦਾ ਹੈ ਜੋ ਕਿ ਕੋਵਿਡ-19 ਮਹਾਮਾਰੀ ਦੇ ਨਿਯੰਤਰਣ, ਕਾਰਜ ਸਥਾਨ ਵਿਖੇ ਰਾਸ਼ਟਰੀ ਸੁਰੱਖਿਆਂ ਦੇ ਨਿਯਮਾਂ ਅਤੇ ਦਿਸ਼ਾ ਨਿਰਦੇਸ਼ ਦੀ ਪਾਲਣਾ ਨਾ ਕਰਨ ਦੀ ਸਥਿਤੀ ਵਿਚ ਜ਼ਿੰਮੇਦਾਰ ਹਨ ।

ਜਗ੍ਹਾ ਅਤੇ ਮਿਤੀ ____________________

ਮਾਪੇ (ਜਾਂ ਮਾਪਿਆਂ ਦੀ ਜ਼ਿਮੇਦਾਰੀ ਦਾ ਧਾਰਕ) ______________________________

ਪ੍ਰਧਾਨ ਅਧਿਆਪਕ (ਪ੍ਰਿੰਸੀਪਲ) ________________________